# ਪੰਜਾਬ ਸਰਕਾਰ
## ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
### (ਜਨਰਲ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ

1. ਡਵੀਜ਼ਨਲ ਡਿਪਟੀ ਡਾਇਰੈਕਟਰ,
   ਪੇਂਡੂ ਵਿਕਾਸ ਅਤੇ ਪੰਚਾਇਤ;
2. ਵਧੀਕ ਡਿਪਟੀ ਕਮਿਸ਼ਨਰ (ਵਿਕਾਸ);
3. ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ;
4. ਉਪ ਮੁੱਖ ਕਾਰਜਕਾਰੀ ਅਫਸਰ, ਜ਼ਿਲ੍ਹਾ ਪ੍ਰੀਸ਼ਦ;
5. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ।

ਪੱਤਰ ਨੰ:15/35/07-ਜੀ.2/ 12706-12810
ਚੰਡੀਗੜ੍ਹ, ਮਿਤੀ 24 ਅਪ੍ਰੈਲ, 2007.

ਵਿਸ਼ਾ:- ਗਰਾਮ ਪੰਚਾਇਤਾਂ ਦੀਆਂ ਮੀਟਿੰਗਾਂ ਨੂੰ ਰੈਗੂਲਰ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਸਬੰਧੀ।

========

ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਦੀਆਂ ਸਮੂਹ ਗਰਾਮ ਪੰਚਾਇਤਾਂ ਦੀਆਂ ਮੀਟਿੰਗਾਂ ਰੈਗੂਲਰ ਅਤੇ ਸੁਚਾਰੂ ਢੰਗ ਨਾਲ ਨਹੀਂ ਕੀਤੀਆਂ ਜਾ ਰਹੀਆਂ। ਸਰਪੰਚਾਂ ਵਲੋਂ ਚੁਣੇ ਹੋਏ ਪੰਚਾਇਤਾਂ ਮੈਂਬਰਾਂ ਨੂੰ ਮੀਟਿੰਗ ਵਿੱਚ ਨਹੀਂ ਬੁਲਾਇਆ ਜਾਂਦਾ ਅਤੇ ਅਕਸਰ ਸਰਪੰਚ ਆਪਣੇ ਘਰ ਵਿੱਚ ਬੈਠ ਕੇ ਪੰਚਾਇਤਾਂ ਦੀਆਂ ਮੀਟਿੰਗਾਂ ਕਰ ਲੈਂਦੇ ਹਨ ਜਦੋਂ ਕਿ ਨਿਯਮਾਂ ਅਨੁਸਾਰ ਪੰਚਾਇਤਾਂ ਦੀਆਂ ਮੀਟਿੰਗਾਂ ਸਭਾ ਖੇਤਰ ਵਿੱਚ ਸਾਂਝੀ ਜਗ੍ਹਾ ਉਪਰ ਕਰਨੀਆਂ ਜ਼ਰੂਰੀ ਹਨ ਪਰੰਤੂ ਪੰਚਾਇਤਾਂ ਵਲੋਂ ਅਜਿਹਾ ਨਹੀਂ ਕੀਤਾ ਜਾਂਦਾ ਜਿਸ ਦੇ ਸਿੱਟੇ ਵਜੋਂ ਪਿੰਡਾਂ ਵਿੱਚ ਸ਼ਿਕਾਇਤ-ਬਾਜ਼ੀ ਬਹੁਤ ਵੱਧ ਗਈ ਹੈ ਜਿਸ ਨਾਲ ਸਰਕਾਰ ਦਾ ਬਹੁਤਾ ਸਮਾਂ ਪੰਚਾਇਤਾਂ ਵਿਰੁੱਧ ਹੋਈਆਂ ਸ਼ਿਕਾਇਤਾਂ ਦੀਆਂ ਪੜਤਾਲਾਂ ਵਿੱਚ ਲੰਘ ਜਾਂਦਾ ਹੈ।

ਇਸ ਸਬੰਧ ਵਿੱਚ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹਰ ਮਹੀਨੇ ਦੇ ਦੂਸਰੇ ਹਫਤੇ ਪੰਚਾਇਤ ਸਕੱਤਰ/ਵੀ.ਡੀ.ਓ ਨੂੰ ਅਲਾਟ ਹੋਏ ਸਰਕਲ ਵਿੱਚ ਪੈਂਦੀਆਂ ਪੰਚਾਇਤਾਂ ਦੀਆਂ ਮੀਟਿੰਗਾਂ ਕੀਤੀਆਂ ਜਾਣ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਇਹ ਯਕੀਨੀ ਬਣਾਉਣ ਕਿ ਪੰਚਾਇਤ ਸਕੱਤਰ/ਵੀ.ਡੀ.ਓ ਦੇ ਸਰਕਲ ਵਿੱਚ ਸਾਰੀਆਂ ਪੰਚਾਇਤਾਂ ਦੀ ਮੀਟਿੰਗ ਨੂੰ ਨਿਸ਼ਚਿਤ ਕਰਨ ਲਈ ਤਾਰੀਖਾਂ ਮਿੱਥ ਦਿੱਤੀਆਂ ਗਈਆਂ ਹਨ ਅਤੇ ਇਹ ਮੀਟਿੰਗਾਂ ਕਿਹੜੀਆਂ ਸਾਂਝੀਆਂ ਥਾਵਾਂ ਉਪਰ ਰੱਖੀਆਂ ਗਈਆਂ ਹਨ ਤਾਂ ਜੋ ਪਿੰਡ ਦੇ ਲੋੜ-ਵੰਦ ਵਿਅਕਤੀ, ਜੋ ਆਪਣੇ ਸਾਂਝੇ ਅਤੇ ਨਿੱਜੀ ਕੰਮ ਕਰਵਾਉਣਾ ਚਾਹੁੰਦੇ ਹਨ, ਉਹ ਉਸ ਦਿਨ ਕਰਵਾਉਣ। ਇਨ੍ਹਾਂ ਮੀਟਿੰਗਾਂ ਵਿੱਚ ਸਬੰਧਤ ਪੰਚਾਇਤ ਸਕੱਤਰ/ਵੀ.ਡੀ.ਓ ਦੀ ਹਾਜ਼ਰੀ ਵੀ ਸੁਨਿਸ਼ਚਿਤ ਕਰਵਾਈ ਜਾਵੇ।

ਮਤਾ ਪੇਸ਼ਕ ਵਿੱਚ ਸਾਂਝੀ ਜਗ੍ਹਾ ਜਿਵੇਂ ਕਿ ਪੰਚਾਇਤ ਘਰ, ਕਮਿਊਨਿਟੀ ਸੈਂਟਰ ਜਾਂ ਸਕੂਲ ਦੀ ਇਮਾਰਤ ਆਦਿ ਜਿਥੇ ਪੰਚਾਇਤ ਦੀ ਮੀਟਿੰਗ ਨਿਸ਼ਚਿਤ ਕੀਤੀ ਗਈ ਹੋਵੇ ਉਸ ਦੀ ਮਿਤੀ ਬਾਰੇ ਪਬਲੀਸਿਟੀ ਬੋਰਡ ਅਤੇ ਪੰਚਾਇਤ ਦੇ ਨੋਟਿਸ ਬੋਰਡਾਂ ਉਪਰ ਅੰਕਿਤ ਕੀਤਾ ਜਾਵੇ ਤਾਂ ਜੋ ਆਮ ਪਬਲਿਕ ਨੂੰ ਪੰਚਾਇਤ ਦੀ ਮੀਟਿੰਗ ਬਾਰੇ ਜਾਣਕਾਰੀ ਹੋ ਸਕੇ।

ਪੰਚਾਇਤ ਦੀ ਮੀਟਿੰਗ ਜਿਸ ਦੀ ਪ੍ਰਧਾਨਗੀ ਆਮ ਤੌਰ ਤੇ ਸਰਪੰਚ ਵਲੋਂ ਕੀਤੀ ਜਾਂਦੀ ਹੈ। ਇਹ ਹੋ ਸਕਦਾ ਹੈ ਕਿ ਸਰਪੰਚ ਉਸ ਦਿਨ ਪੰਚਾਇਤ ਵਿੱਚ ਕਿਸੇ ਕਾਰਨ ਹਾਜ਼ਰ ਨਾ ਹੋਵੇ ਤਾਂ ਪੰਚਾਇਤ ਦੀ ਮੀਟਿੰਗ ਕਿਸੇ ਪੰਚ ਦੀ ਪ੍ਰਧਾਨਗੀ ਹੇਠ ਕਰਵਾਈ ਜਾਵੇ।

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨਿਸ਼ਚਿਤ ਮਿਤੀਆਂ ਨੂੰ ਪੰਚਾਇਤਾਂ ਦੀ ਮੀਟਿੰਗ ਕਰਵਾਉਣ ਸਬੰਧੀ ਆਪ ਖੁਦ ਜਾਂ ਆਪਣੇ ਦਫਤਰ ਦੇ ਪ੍ਰਾਪਰ ਅਫਸਰ ਤੋਂ ਅਚਨਚੇਤ ਪੜਤਾਲ ਕਰਵਾਉਣ ਕਿ ਮੀਟਿੰਗਾਂ ਸਹੀ ਅਤੇ ਸੁਚੱਜੇ ਢੰਗ ਨਾਲ ਹੋ ਰਹੀਆਂ ਹਨ। ਪੰਚਾਇਤ ਸਮਤੀ ਦੇ ਦਫਤਰ ਵਿੱਚ, ਪੰਚਾਇਤ ਦੀ ਮੀਟਿੰਗ ਵਿੱਚ ਜੋ ਕਾਰਵਾਈ ਹੋਵੇ, ਉਸ ਦਾ ਰਿਕਾਰਡ ਰੱਖਿਆ ਜਾਵੇ।

ਇਨ੍ਹਾਂ ਹਦਾਇਤਾਂ ਦੀ ਤੁਰੰਤ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਿਪਟੀ ਡਾਇਰੈਕਟਰ(ਐਨ.ਡੀ.),
ਵਾਸਤੇ ਡਾਇਰੈਕਟਰ, ਪੇਂਡੂ ਵਿਕਾਸ
ਅਤੇ ਪੰਚਾਇਤ, ਪੰਜਾਬ।